# ਕੋਵਿਡ-19 ਵੈਕਸੀਨ

## ਵੈਕਸੀਨ ਕੀ ਹੁੰਦੀ ਹੈ?

ਵੈਕਸੀਨ ਇੱਕ ਕਿਸਮ ਦੀ ਦਵਾਈ ਹੁੰਦੀ ਹੈ। ਇਹ ਸੂਈ ਜਾਂ ਟੀਕੇ ਵਿੱਚ ਆਉਂਦੀ ਹੈ।

## ਵੈਕਸੀਨ ਕੀ ਕਰਦੀ ਹੈ?

ਵੈਕਸੀਨ ਲੈਣ ਨਾਲ ਤੁਹਾਡਾ ਬਿਮਾਰ ਹੋਣ ਤੋਂ ਬਚਾਅ ਹੁੰਦਾ ਹੈ। ਵੱਖ-ਵੱਖ ਬਿਮਾਰੀਆਂ ਜਾਂ ਰੋਗਾਂ ਲਈ ਵੱਖ-ਵੱਖ ਕਿਸਮਾਂ ਦੀਆਂ ਵੈਕਸੀਨਾਂ ਹਨ।

## ਕੀ ਵੈਕਸੀਨਾਂ ਸੁਰੱਖਿਅਤ ਹਨ?

ਹਾਂ। ਡਾਕਟਰ ਅਤੇ ਵਿਗਿਆਨੀ ਇਹ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕਰਦੇ ਹਨ ਕਿ ਵੈਕਸੀਨਾਂ ਸੁਰੱਖਿਅਤ ਹੋਣ। ਸਿਰਫ ਸੁਰੱਖਿਅਤ ਵੈਕਸੀਨਾਂ ਨੂੰ ਹੀ ਕੈਨੇਡਾ ਵਿੱਚ ਵਰਤਣ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ। ਵੈਕਸੀਨਾਂ ਦੀ ਸੁਰੱਖਿਆ ਦੀ ਅਕਸਰ ਸਮੀਖਿਆ ਕੀਤੀ ਜਾਂਦੀ ਹੈ।

## ਕੀ ਕੋਵਿਡ-19 ਲਈ ਕੋਈ ਵੈਕਸੀਨ ਹੈ?

ਹਾਂ, ਕੋਵਿਡ-19 ਲਈ ਕੁਝ ਨਵੀਆਂ ਵੈਕਸੀਨਾਂ ਹਨ।

## ਕੀ ਕੋਵਿਡ-19 ਵੈਕਸੀਨਾਂ ਸੁਰੱਖਿਅਤ ਹਨ? ਉਹ ਬਹੁਤ ਤੇਜ਼ੀ ਨਾਲ ਬਣਾਈਆਂ ਗਈਆਂ ਸਨ।

ਹਾਂ। ਡਾਕਟਰਾਂ ਅਤੇ ਵਿਗਿਆਨੀਆਂ ਨੇ ਇਹ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕੀਤੀ ਹੈ ਕਿ ਕੋਵਿਡ-19 ਦੀਆਂ ਵੈਕਸੀਨਾਂ ਸੁਰੱਖਿਅਤ ਹੋਣ। ਸਿਰਫ ਸੁਰੱਖਿਅਤ ਵੈਕਸੀਨਾਂ ਨੂੰ ਹੀ ਕੈਨੇਡਾ ਵਿੱਚ ਵਰਤਣ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ। ਵੈਕਸੀਨਾਂ ਦੀ ਸੁਰੱਖਿਆ ਦੀ ਅਕਸਰ ਸਮੀਖਿਆ ਕੀਤੀ ਜਾਂਦੀ ਹੈ।

## ਕੀ ਮੈਨੂੰ ਵੈਕਸੀਨ ਤੋਂ ਕੋਵਿਡ-19 ਹੋ ਸਕਦਾ ਹੈ?

ਨਹੀਂ। ਤੁਹਾਨੂੰ ਵੈਕਸੀਨ ਤੋਂ ਕੋਵਿਡ-19 ਨਹੀਂ ਹੋ ਸਕਦਾ। ਵੈਕਸੀਨ ਤੁਹਾਡੇ ਸਰੀਰ ਦੀ ਕੋਵਿਡ-19 ਦੀ ਪਛਾਣ ਕਰਨ ਅਤੇ ਉਸ ਨਾਲ ਲੜਨ ਵਿੱਚ ਮਦਦ ਕਰਦੀ ਹੈ।

## ਕੀ ਕੋਵਿਡ-19 ਵੈਕਸੀਨ ਦੇ ਕੋਈ ਮਾੜੇ ਪ੍ਰਭਾਵ ਹਨ?

ਵੈਕਸੀਨ ਲਗਵਾਉਣ ਤੋਂ ਬਾਅਦ ਤੁਹਾਨੂੰ ਮਾੜੇ ਪ੍ਰਭਾਵ ਹੋ ਸਕਦੇ ਹਨ। ਤੁਹਾਡੀ ਬਾਂਹ 'ਤੇ ਜਿੱਥੇ ਟੀਕਾ ਲਗਾਇਆ ਗਿਆ ਸੀ ਉਹ ਜਗ੍ਹਾ ਸੁੱਜ ਸਕਦੀ ਹੈ। ਤੁਸੀਂ ਥੱਕੇ ਮਹਿਸੂਸ ਕਰ ਸਕਦੇ ਹੋ ਜਾਂ ਤੁਹਾਨੂੰ ਬੁਖ਼ਾਰ ਹੋ ਸਕਦਾ ਹੈ। ਇਸਦਾ ਅਰਥ ਹੈ ਕਿ ਤੁਹਾਡਾ ਸਰੀਰ ਵੈਕਸੀਨ ਪ੍ਰਤੀ ਪ੍ਰਤਿਕਿਰਿਆ ਕਰ ਰਿਹਾ ਹੈ। ਇਹ ਮਾੜੇ ਪ੍ਰਭਾਵ ਕੁਝ ਦਿਨਾਂ ਤੱਕ ਰਹਿ ਸਕਦੇ ਹਨ।

ਕੁਝ ਲੋਕਾਂ ਨੂੰ ਵੈਕਸੀਨਾਂ ਤੋਂ ਐਲਰਜੀ ਹੋ ਸਕਦੀ ਹੈ। ਉਹਨਾਂ ਨੂੰ ਵਧੇਰੇ ਗੰਭੀਰ ਮਾੜੇ ਪ੍ਰਭਾਵ ਹੋ ਸਕਦੇ ਹਨ। ਇਹ ਗੰਭੀਰ ਮਾੜੇ ਪ੍ਰਭਾਵ ਵਿਰਲੇ ਹੀ ਹੁੰਦੇ ਹਨ।

## ਜੇ ਮੇਰੇ ਲੱਛਣ ਕੁਝ ਦਿਨਾਂ ਤੋਂ ਜ਼ਿਆਦਾ ਸਮੇਂ ਲਈ ਰਹਿੰਦੇ ਹਨ ਤਾਂ?

ਹੋ ਸਕਦਾ ਹੈ ਵੈਕਸੀਨ ਲੈਣ ਤੋਂ ਪਹਿਲਾਂ ਤੁਹਾਡੇ ਅੰਦਰ ਵਾਇਰਸ ਆ ਗਿਆ ਹੋਵੇ। ਜੇ ਤੁਹਾਡੇ ਲੱਛਣ ਇੱਕ ਜਾਂ ਦੋ ਦਿਨਾਂ ਤੋਂ ਜ਼ਿਆਦਾ ਸਮੇਂ ਲਈ ਰਹਿੰਦੇ ਹਨ, ਤਾਂ ਤੁਸੀਂ ਬਿਮਾਰ ਹੋ ਰਹੇ ਹੋ ਸਕਦੇ ਹੋ। ਤੁਹਾਨੂੰ ਸਵੈ-ਇਕੱਲਤਾ ਵਿੱਚ ਰਹਿਣਾ ਚਾਹੀਦਾ ਹੈ (ਦੂਜੇ ਲੋਕਾਂ ਤੋਂ ਦੂਰ ਰਹੋ) ਅਤੇ ਕੋਵਿਡ-19 ਲਈ ਟੈਸਟ ਕਰਵਾਉਣਾ ਚਾਹੀਦਾ ਹੈ।

## ਵੈਕਸੀਨ ਪਹਿਲਾਂ ਕਿਸ ਨੂੰ ਮਿਲੇਗੀ?

ਮਨੀਟੋਬਾ ਵਿੱਚ ਡਾਕਟਰ, ਨਰਸਾਂ ਅਤੇ ਹੋਰ ਸਿਹਤ ਸੰਭਾਲ ਪ੍ਰਦਾਤਾਵਾਂ ਨੂੰ ਪਹਿਲਾਂ ਵੈਕਸੀਨ ਦਿੱਤੀ ਜਾ ਰਹੀ ਹੈ।

ਪਹਿਲਾਂ ਵੈਕਸੀਨ ਪ੍ਰਾਪਤ ਕਰਨ ਵਾਲੇ ਕੁਝ ਹੋਰ ਲੋਕ ਉਹ ਹਨ ਜੋ ਸ਼ਾਇਦ ਬਹੁਤ ਬਿਮਾਰ ਹੋ ਸਕਦੇ ਹਨ। ਇਸ ਵਿੱਚ ਬਜ਼ੁਰਗ ਲੋਕ ਅਤੇ ਮੂਲ ਨਿਵਾਸੀ ਸ਼ਾਮਲ ਹਨ।

## ਮੈਨੂੰ ਵੈਕਸੀਨ ਕਦੋਂ ਮਿਲ ਸਕਦੀ ਹੈ?

ਹਰ ਕਿਸੇ ਲਈ ਲੋੜੀਂਦੀ ਵੈਕਸੀਨ ਬਣਾਉਣ ਵਿੱਚ ਸਮਾਂ ਲੱਗਦਾ ਹੈ। ਵੱਖ-ਵੱਖ ਲੋਕਾਂ ਨੂੰ ਵੱਖ-ਵੱਖ ਸਮੇਂ 'ਤੇ ਵੈਕਸੀਨ ਮਿਲੇਗੀ। ਇਹ ਫੈਸਲੇ ਲੈਣ ਲਈ ਸਰਕਾਰਾਂ ਅਤੇ ਮਾਹਰ ਮਿਲ ਕੇ ਕੰਮ ਕਰ ਰਹੇ ਹਨ। ਜਦੋਂ ਲੋਕਾਂ ਦੇ ਵੈਕਸੀਨ ਲੈਣ ਦਾ ਸਮਾਂ ਆਵੇਗਾ ਤਾਂ ਵਧੇਰੇ ਜਾਣਕਾਰੀ ਸਾਂਝੀ ਕੀਤੀ ਜਾਏਗੀ।

## ਜੇ ਮੈਨੂੰ ਵੈਕਸੀਨ ਦਿੱਤੀ ਜਾਂਦੀ ਹੈ ਤਾਂ ਕੀ ਮੈਨੂੰ ਮਾਸਕ ਪਹਿਨਣਾ ਅਤੇ ਹੋਰ ਲੋਕਾਂ ਤੋਂ ਦੂਰ ਰਹਿਣਾ ਪਵੇਗਾ?

ਹਾਂ। ਮਾਸਕ ਪਹਿਨਣ ਅਤੇ ਸਰੀਰਕ ਦੂਰੀ ਬਣਾ ਕੇ ਰੱਖਣ ਨਾਲ ਤੁਹਾਨੂੰ ਅਤੇ ਹੋਰਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲੇਗੀ।

## ਕੀ ਵੈਕਸੀਨ ਲੈਣ ਲਈ ਮੈਨੂੰ ਅਦਾਇਗੀ ਕਰਨੀ ਪਵੇਗੀ?

ਮਨੀਟੋਬਾ ਵਿੱਚ ਲੋਕਾਂ ਲਈ ਵੈਕਸੀਨ ਮੁਫ਼ਤ ਹੈ।

## ਕੀ ਮੈਨੂੰ ਵੈਕਸੀਨ ਲੈਣੀ ਹੀ ਪਵੇਗੀ?

ਤੁਸੀਂ ਫੈਸਲਾ ਕਰਦੇ ਹੋ ਕਿ ਕੀ ਤੁਸੀਂ ਕੋਵਿਡ-19 ਦੀ ਵੈਕਸੀਨ ਲੈਣੀ ਚਾਹੁੰਦੇ ਹੋ ਜਾਂ ਨਹੀਂ। ਤੁਹਾਡੇ ਲਈ ਵੈਕਸੀਨ ਲਗਵਾਉਣਾ ਜ਼ਰੂਰੀ ਨਹੀਂ ਹੈ।

ਬਹੁਤ ਸਾਰੇ ਲੋਕ ਵੈਕਸੀਨ ਬਾਰੇ ਵੱਖ-ਵੱਖ ਗੱਲਾਂ ਕਰ ਰਹੇ ਹਨ। ਹੋ ਸਕਦਾ ਹੈ ਕੁਝ ਜਾਣਕਾਰੀ ਸਹੀ ਨਾ ਹੋਵੇ। ਵੈਕਸੀਨ ਬਾਰੇ ਵਧੇਰੇ ਜਾਣਨ ਲਈ ਤੁਸੀਂ ਸਿਹਤ-ਸੰਭਾਲ ਪ੍ਰਦਾਤਾਵਾਂ ਨਾਲ ਗੱਲ ਕਰ ਸਕਦੇ ਹੋ। ਉਹ ਤੁਹਾਨੂੰ ਚੰਗੀ ਜਾਣਕਾਰੀ ਦੇਣਗੇ।

ਜਾਣਕਾਰੀ ਲਈ ਤੁਸੀਂ manitoba.ca/COVID19/vaccine 'ਤੇ ਵੀ ਜਾ ਸਕਦੇ ਹੋ।

Manitoba